## ਦਫ਼ਤਰ: ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

### ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਲਈ ਨਿਯਮ (ਉਰਦੂ)

**1.0 ਪੁਰਸਕਾਰ : ਸਰਵੋਤਮ ਉਰਦੂ ਪੁਸਤਕ ਪੁਰਸਕਾਰ ਹੇਠ ਲਿਖੇ ਅਨੁਸਾਰ ਹਨ :**

| | | |
|---|---|---|
| 1 | ਸਾਹਿਰ ਲੁਧਿਆਣਵੀਂ ਪੁਰਸਕਾਰ ( ਨਜ਼ਮ ) | 31,000/-ਰੁ. |
| 2 | ਹਾਫ਼ਿਜ ਮਹਿਮੂਦ ਸ਼ੀਰਾਨੀ ਪੁਰਸਕਾਰ ( ਤਨਕੀਦ / ਤਹਿਕੀਕ ) | 31,000/-ਰੁ. |
| 3 | ਰਾਜਿੰਦਰ ਸਿੰਘ ਬੇਦੀ ਪੁਰਸਕਾਰ ( ਨਾਵਲ/ਕਹਾਣੀ/ਡਰਾਮਾ/ਇਕਾਂਗੀ ) | 31,000/-ਰੁ. |
| 4 | ਕਨ੍ਹਈਆ ਲਾਲ ਕਪੂਰ ਪੁਰਸਕਾਰ ( ਨਸਰ ) | 31,000-ਰੁ. |

**2.0 ਮੁਲਾਂਕਣ ਵਿਧੀ:**

1. ਉਪਰੋਕਤ ਵੰਨਗੀਆਂ ਦੇ ਪੁਰਸਕਾਰਾਂ ਲਈ ਲੇਖਕ ਸਬੰਧਤ ਸਾਲ ਦੌਰਾਨ ਪ੍ਰਕਾਸ਼ਿਤ ਪੁਸਤਕ ਦੇ ਪਹਿਲੇ ਐਡੀਸ਼ਨ ਦੀਆਂ 04 ਕਾਪੀਆਂ ਸਮੇਤ ਨਿਰਧਾਰਿਤ ਫਾਰਮ ਭਰ ਕੇ ਐਲਾਨੀ ਨਿਸ਼ਚਿਤ ਮਿਤੀ ਤੋਂ ਪਹਿਲਾਂ-ਪਹਿਲਾਂ ਦਸਤੀ ਜਾਂ ਡਾਕ ਰਾਹੀਂ ਵਿਭਾਗ ਵਿੱਚ ਜਮ੍ਹਾਂ ਕਰਵਾਏਗਾ।
2. ਮੁਕਾਬਲੇ ਲਈ ਪੁਸਤਕਾਂ ਮੁਲਾਂਕਣ ਵਾਸਤੇ ਭੇਜਣ ਤੋਂ ਪਹਿਲਾਂ ਡਾਇਰੈਕਟਰ ਭਾਸ਼ਾਵਾਂ ਵੱਲੋਂ ਗਠਿਤ ਵਿਭਾਗੀ ਕਮੇਟੀ ਪੁਸਤਕਾਂ ਦੇ ਮਿਆਰ ਅਤੇ ਵਿਧਾ ਦੀ ਪੜਤਾਲ ਕਰੇਗੀ। ਹਰੇਕ ਲੇਖਕ ਆਪਣੀ ਵੰਨਗੀ ਪੂਰਨ ਤੌਰ ਤੇ ਸਪੱਸ਼ਟ ਕਰੇਗਾ। ਪੜਤਾਲ ਉਪਰੰਤ ਜੇ ਪੁਸਤਕ ਕਿਸੇ ਵੀ ਨਿਰਧਾਰਿਤ ਵੰਨਗੀ ਵਿੱਚ ਨਹੀਂ ਆਉਂਦੀ ਜਾਂ ਕੁੱਝ ਇਤਰਾਜ਼ ਯੋਗ ਹੈ ਤਾਂ ਲੇਖਕ ਨੂੰ ਬਿਨਾਂ ਜਾਣਕਾਰੀ ਦਿੱਤਿਆਂ ਪੁਸਤਕ ਨੂੰ ਮੁਕਾਬਲੇ ਵਿੱਚੋਂ ਬਾਹਰ ਕੀਤਾ ਜਾ ਸਕਦਾ ਹੈ।
3. ਭਾਸ਼ਾ ਵਿਭਾਗ , ਪੰਜਾਬ ਵੱਲੋਂ ਸਰਵੋਤਮ ਉਰਦੂ ਪੁਸਤਕ ਪੁਰਸਕਾਰ ਮੁਕਾਬਲੇ ਵਿੱਚ ਤਿੰਨ ਵਿਦਵਾਨ ਮੁਲਾਂਕਣਕਾਰਾਂ ਕੋਲੋਂ ਮੁਲਾਂਕਣ ਕਰਵਾਇਆ ਜਾਵੇਗਾ ਅਤੇ ਤਿੰਨੋਂ ਮੁਲਾਂਕਣਕਾਰਾਂ ਦੇ ਅੰਕਿਤ ਕੀਤੇ ਨੰਬਰਾਂ ਦੇ ਜੋੜ ਦੇ ਆਧਾਰ ਤੇ ਉਸ ਪੁਸਤਕ ਨੂੰ ਪੁਰਸਕਾਰ ਐਲਾਨਿਆ ਜਾਵੇਗਾ ਜਿਸ ਨੇ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣਗੇ ਅਤੇ ਇਹ ਅੰਕ ਤਿੰਨੇ ਮੁਲਾਂਕਣ ਕਰਤਾਵਾਂ ਵੱਲੋਂ 60 ਪ੍ਰਤੀਸ਼ਤ ਤੋਂ ਵੱਧ ਹੋਣੇ ਚਾਹੀਦੇ ਹਨ।
4. ਜੇਕਰ ਦੋ ਜਾਂ ਦੋ ਤੋਂ ਵੱਧ ਪੁਸਤਕਾਂ ਦੇ ਕੁੱਲ ਅੰਕ ਬਰਾਬਰ ਹੋਣ ਤਾਂ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਚੌਥਾ ਮੁਲਾਂਕਣਕਾਰ ਨਿਯੁਕਤ ਕਰਨ ਦਾ ਅਧਿਕਾਰ ਹੋਵੇਗਾ।
5. ਜੇਕਰ ਪੁਸਤਕ ਵਿੱਚ ਕੁੱਝ ਇਤਰਾਜ਼ ਯੋਗ ਪਾਇਆ ਜਾਂਦਾ ਹੈ ਤਾਂ ਐਲਾਨਿਆ ਪੁਰਸਕਾਰ ਰੋਕਿਆ ਜਾ ਸਕਦਾ ਹੈ ਜਾਂ ਦੂਜੇ ਸਮਰੱਥ ਲੇਖਕ ਨੂੰ ਦਿੱਤਾ ਜਾ ਸਕਦਾ ਹੈ।

**3.0 ਸਰਵੋਤਮ ਪੁਸਤਕ ਪੁਰਸਕਾਰ ਵਿੱਚ ਭਾਗ ਲੈਣ ਲਈ ਸ਼ਰਤਾਂ:**

1. ਲੇਖਕ ਮੌਜੂਦਾ ਪੰਜਾਬ ਦਾ ਜੰਮਪਲ ਅਤੇ ਵਾਸੀ ਹੋਵੇ ਜਾਂ ਅਜ਼ਾਦੀ ਤੋਂ ਪਹਿਲੇ ਪੰਜਾਬ ਦਾ ਜੰਮਪਲ ਹੋਵੇ ਜਾਂ 01 ਨਵੰਬਰ 1966 ਤੋਂ ਪਹਿਲੇ ਪੰਜਾਬ ਦਾ ਜੰਮਪਲ ਹੋਵੇ ਜਾਂ ਜੇਕਰ ਲੇਖਕ ਪੰਜਾਬੋਂ ਬਾਹਰਲਾ ਜੰਮਪਲ ਹੈ ਪਰ ਹੁਣ ਪਿਛਲੇ 15 ਸਾਲ ਤੋਂ ਪੰਜਾਬ ਦਾ ਵਸਨੀਕ ਹੈ ਤਾਂ ਉਸ ਨੂੰ ਰਿਹਾਇਸ਼ ਸਰਟੀਫਿਕੇਟ ਦੇਣਾ ਹੋਵੇਗਾ ਜਿਹੜਾ ਉਪ-ਮੰਡਲ ਮੈਜਿਸਟਰੇਟ ਪਾਸੋਂ ਤਸਦੀਕ ਕੀਤਾ ਗਿਆ ਹੋਵੇ।
2. ਮੁਕਾਬਲੇ ਲਈ ਕੇਵਲ ਉਹੀ ਪੁਸਤਕ ਵਿਚਾਰੀ ਜਾਵੇਗੀ ਜੋ ਅਧਿਸੂਚਿਤ ਸਮੇਂ / ਸਾਲ ਦੌਰਾਨ ਪ੍ਰਕਾਸ਼ਿਤ ਹੋਈ ਹੋਵੇ ਅਤੇ ਜਿਸ ਤੇ ਆਈ. ਐਸ. ਬੀ. ਐਨ. ਨੰਬਰ ਲੱਗਿਆ ਹੋਵੇ। (ਉਦਾਹਰਣ ਦੇ ਤੌਰ ਤੇ 01 ਜਨਵਰੀ 2024 ਤੋਂ 31 ਦਸੰਬਰ 2024 ਤੱਕ ਛਪੀਆਂ ਹੋਈਆਂ ਪੁਸਤਕਾਂ 2025 ਦੇ ਸਰਵੋਤਮ ਪੁਸਤਕ ਪੁਰਸਕਾਰਾਂ ਲਈ ਭੇਜੀਆਂ ਜਾ ਸਕਦੀਆਂ ਹਨ)
3. ਪੁਸਤਕ ਮੌਲਿਕ ਅਤੇ ਨਿਰੋਲ ਉਰਦੂ ਵਿੱਚ ਹੋਣੀ ਚਾਹੀਦੀ ਹੈ , ਦੁਭਾਸ਼ੀ ਨਹੀਂ ਹੋਣੀ ਚਾਹੀਦੀ ਅਤੇ ਪੁਸਤਕ ਦਾ ਪਹਿਲਾ ਐਡੀਸ਼ਨ ਹੋਣਾ ਚਾਹੀਦਾ ਹੈ। ਪੁਸਤਕ ਲੇਖਕ ਦੀ ਕਿਸੇ ਹੋਰ ਭਾਸ਼ਾ ਵਿੱਚ ਛਪੀ ਪੁਸਤਕ ਦਾ ਅਨੁਵਾਦ ਨਾ ਹੋਵੇ। ਲੇਖਕ ਯਕੀਨੀ ਬਣਾਏਗਾ ਕਿ ਪੁਸਤਕ ਭਾਸ਼ਾ ਵਿਭਾਗ ਦੇ ਕਿਸੇ ਹੋਰ ਮੁਕਾਬਲੇ ਵਿੱਚ ਪਹਿਲਾਂ ਨਹੀਂ ਭੇਜੀ ਗਈ।
4. ਉਹਨਾਂ ਪੁਸਤਕਾਂ ਨੂੰ ਵੀ ਪੁਰਸਕਾਰ ਲਈ ਵਿਚਾਰਿਆ ਜਾਵੇਗਾ ਜੋ ਭਾਵੇਂ ਲੇਖਕ ਨੇ ਖੁਦ ਨਾ ਭੇਜੀਆਂ ਹੋਣ । ਇਹ ਪੁਸਤਕਾਂ ਪ੍ਰਕਾਸ਼ਕ , ਪਾਠਕ ਜਾਂ ਲੇਖਕ ਦਾ ਕੋਈ ਸਬੰਧੀ / ਦੋਸਤ ਵੀ ਭੇਜ ਸਕਦਾ ਹੈ। ਸ਼ਾਮਲ ਹੋਣੋ ਰਹਿ ਗਈਆਂ ਪੁਸਤਕਾਂ ਬਾਰੇ ਜੇਕਰ ਪਤਾ ਲੱਗਦਾ ਹੈ ਤਾਂ ਵਿਭਾਗ ਵੀ ਆਪਣੇ ਪੱਧਰ ਤੇ ਸਬੰਧਤ ਸਾਲ ਦੀਆਂ ਪੁਸਤਕਾਂ ਸ਼ਾਮਲ ਕਰ ਸਕਦਾ ਹੈ।
5. ਇੱਕ ਸਾਲ ਵਿੱਚ ਇੱਕ ਲੇਖਕ ਨੂੰ ਕੇਵਲ ਇੱਕ ਹੀ ਪੁਰਸਕਾਰ ਦਿੱਤਾ ਜਾਵੇਗਾ ਭਾਵੇਂ ਉਸ ਵੱਲੋਂ ਹੋਰ ਵੰਨਗੀਆਂ ਅਧੀਨ ਭੇਜੀਆਂ ਪੁਸਤਕਾਂ ਵੀ ਪੁਰਸਕਾਰ ਦੀਆਂ ਹੱਕਦਾਰ ਬਣ ਗਈਆਂ ਹੋਣ। ਅਜਿਹੀ ਸੂਰਤ ਵਿੱਚ ਪੁਰਸਕਾਰ ਕੇਵਲ ਇੱਕ ਵੰਨਗੀ ਵਿੱਚ ਹੀ ( ਲੇਖਕ ਦੀ ਸਹਿਮਤੀ / ਪਸੰਦ ਅਨੁਸਾਰ ) ਦਿੱਤਾ ਜਾਵੇਗਾ। ਇਸ ਉਪਰੰਤ ਦੂਸਰੀ ਵਿਧਾ ਦਾ ਪੁਰਸਕਾਰ ਦੂਜੇ ਨੰਬਰ ਤੇ ਆਉਣ ਵਾਲੀ ਪੁਸਤਕ ਨੂੰ ਦਿੱਤਾ ਜਾਵੇਗਾ।

6. ਕੋਈ ਵੀ ਲੇਖਕ ਇੱਕ ਵਿਧਾ ਵਿੱਚ ਇੱਕ ਵਾਰ ਹੀ ਪੁਰਸਕਾਰ ਹਾਸਲ ਕਰ ਸਕਦਾ ਹੈ। ਭਾਵ ਇੱਕ ਵਾਰ ਕਿਸੇ ਵਿਧਾ ਵਿੱਚ ਪੁਰਸਕਾਰ ਪ੍ਰਾਪਤ ਕਰਨ ਉਪਰੰਤ ਦੁਬਾਰਾ ਉਸੇ ਵਿਧਾ ਵਿੱਚ ਬਿਨੈ-ਪੱਤਰ ( ਪੁਸਤਕ ) ਨਹੀਂ ਦੇ ਸਕਦਾ। ਬਲਕਿ ਕਿਸੇ ਹੋਰ ਵਿਧਾ ਵਿੱਚ ਪੁਰਸਕਾਰ ਲਈ ਬਿਨੈ-ਪੱਤਰ ਦੇ ਸਕਦਾ ਹੈ ਅਤੇ ਲਗਾਤਾਰ ਵੱਖ-ਵੱਖ ਵਿਧਾਵਾਂ ਵਿੱਚ ਪੁਰਸਕਾਰ ਹਾਸਲ ਕਰ ਸਕਦਾ ਹੈ।

7. **ਜੋ ਭਾਗ ਨਹੀਂ ਲੈ ਸਕਦੇ:**

- ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ
- ਸਾਹਿਤ ਰਤਨ ਪੁਰਸਕਾਰ ਵਿਜੇਤਾ
- ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਵਿਜੇਤਾ
- ਭਾਰਤੀ ਸਾਹਿਤ ਅਕਾਦਮੀ ਦੀ " ਯੁਵਾ ਸਾਹਿਤ ਪੁਰਸਕਾਰ" ਵਿਜੇਤਾ ਪੁਸਤਕ
- ਭਾਰਤੀ ਸਾਹਿਤ ਅਕਾਦਮੀ ਦੀ " ਬਾਲ ਸਾਹਿਤ " ਪੁਰਸਕਾਰ ਵਿਜੇਤਾ ਪੁਸਤਕ
- ਭਾਸ਼ਾ ਵਿਭਾਗ ਦੇ ਮੌਜੂਦਾ ਕਰਮਚਾਰੀ / ਅਧਿਕਾਰੀ

8. ਪਹਿਲਾਂ ਕਿਸੇ ਵੀ ਰੂਪ ਵਿੱਚ ਛਪੀ ਸਮੱਗਰੀ ਨਵੀਂ ਪੁਸਤਕ ਦੇ ਰੂਪ ਵਿੱਚ ਛਾਪ ਕੇ ਪੁਰਸਕਾਰ ਲਈ ਬਿਨੈ-ਪੱਤਰ ਨਹੀਂ ਦਿੱਤਾ ਜਾ ਸਕਦਾ । ਭਾਵ ਇੱਕ ਜਾਂ ਇੱਕ ਤੋਂ ਵਧੇਰੇ ਭਾਗਾਂ ਵਿੱਚ ਛਪੀਆਂ ਪੁਸਤਕਾਂ ਨੂੰ ਸੰਪਾਦਿਤ ਕਰਕੇ ਇੱਕ ਪੁਸਤਕ ਦੇ ਰੂਪ ਵਿੱਚ ਛਪਵਾ ਕੇ ਪੁਰਸਕਾਰ ਲਈ ਬਿਨੈ-ਪੱਤਰ ਨਹੀਂ ਦਿੱਤਾ ਜਾ ਸਕਦਾ।

9. ਬਿਨੈ-ਪੱਤਰ ਭੇਜਣ ਵਾਲਾ ਲੇਖਕ ਜਾਂ ਹੋਰ ਇਹ ਤਸਦੀਕ ਕਰੇਗਾ ਕਿ ਉਸ ਨੇ ਉਪਰੋਕਤ ਨਿਯਮਾਂ ਨੂੰ ਧਿਆਨ ਨਾਲ ਪੜ੍ਹ ਲਿਆ ਹੈ ਅਤੇ ਉਹ ਇਨ੍ਹਾਂ ਨਿਯਮਾਂ ਦੇ ਅਧਾਰ ਤੇ ਹੀ ਆਪਣੀ ਪੁਸਤਕ ਮੁਕਾਬਲੇ ਲਈ ਭੇਜ ਰਿਹਾ ਹੈ।

10. ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਨਿਯਮਾਂ ਵਿੱਚ ਕਿਸੇ ਸਮੇਂ ਵੀ ਤਬਦੀਲੀ ਕਰਨ ਦੇ ਸਮਰੱਥ ਹੋਣਗੇ।

ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ

ਪਿੱਠਅੰਕਣ ਨੰ. ( ਉਰਦੂ ਵਿਕਾਸ ) -2025/119 ਮਿਤੀ , ਪਟਿਆਲਾ 04-03-2025

ਉਤਾਰਾ:-

1. ਸਕੱਤਰ , ਪੰਜਾਬ ਸਰਕਾਰ , ਉੱਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ , ਪੰਜਾਬ ਨੂੰ ਉਕਤ ਨਿਯਮਾਂ ਦੀ ਕਾਪੀ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਡਿਪਟੀ ਡਾਇਰੈਕਟਰ ( ਉਰਦੂ ਵਿਕਾਸ )
ਭਾਸ਼ਾ ਵਿਭਾਗ ਪੰਜਾਬ

## ਭਾਸ਼ਾ ਵਿਭਾਗ ਪੰਜਾਬ

## ਸਰਵੋਤਮ ਉਰਦੂ ਪੁਸਤਕ ਪੁਰਸਕਾਰ ਲਈ ਬਿਨੈ-ਪੱਤਰ

1. ਪੁਸਤਕ ਦਾ ਨਾਂ..........................................................................................................

2. ਵਿਧਾ / ਵੰਨਗੀ ..........................................................................................................

3. ਲੇਖਕ ਦਾ ਨਾਂ.................................................. ਮੋਬਾਇਲ ਨੰਬਰ..........................................

4. ਪੁਰਸਕਾਰ ਦਾ ਨਾਂ......................................................................................................

5. ਪੁਸਤਕ ਪ੍ਰਕਾਸ਼ਨ ਸਾਲ.................................................................................................

6. ਕੀ ਪੁਸਤਕ ਮੌਲਿਕ ਹੈ ?.............................................................................................

7. ਲੇਖਕ ਦਾ ਪੂਰਾ ਪਤਾ ...............................................................................................

8. ਕੀ ਲੇਖਕ ਪੰਜਾਬ ਦਾ ਜੰਮਪਲ ਹੈ ? ( ਲੋੜੀਂਦਾ ਦੁਸਤਾਵੇਜ ਦਿੱਤਾ ਜਾਵੇ)..................................

9. ਕੀ ਲੇਖਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਕੋਈ ਪੁਰਸਕਾਰ ਮਿਲਿਆ ਹੈ ? ਹਾਂ / ਨਹੀਂ....................

   ਜੇ ਹਾਂ ਤਾਂ ਵੇਰਵਾ ਦਿੱਤਾ ਜਾਵੇ.......................................................................................

10. ਕੀ ਲੇਖਕ ਨੂੰ ਭਾਸ਼ਾ ਵਿਭਾਗ ਪੰਜਾਬ ਤੋਂ ਕੋਈ ਪੁਰਸਕਾਰ ਮਿਲਿਆ ਹੈ ? ਹਾਂ / ਨਹੀਂ.......................

    ਜੇਕਰ ਹਾਂ ਤਾਂ ਵੇਰਵਾ ਦਿੱਤਾ ਜਾਵੇ:

( ੳ ) ਸਾਲ / ਵਿਧਾ.................................................... ( ਅ ) ਪੁਰਸਕਾਰ ਦਾ ਨਾਂ..........................

( ੲ ) ਪੁਸਤਕ ਦਾ ਨਾਂ ..................................................................................................

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਮੁਕਾਬਲੇ ਦੇ ਨਿਯਮ ਧਿਆਨ ਪੂਰਵਕ ਪੜ੍ਹ ਲਏ ਹਨ ਅਤੇ ਇਹਨਾਂ ਨਿਯਮਾਂ ਦੇ ਆਧਾਰ ਤੇ ਮੁਕਾਬਲੇ ਲਈ ਪੁਸਤਕ ਦੀਆਂ ਚਾਰ ਕਾਪੀਆਂ ਅਤੇ ਲੋੜੀਂਦੇ ਦਸਤਾਵੇਜ ਭੇਜ ਰਿਹਾ ਹਾਂ।

ਨੱਥੀ:- ਨਿਯਮਾਂ ਦੀ ਕਾਪੀ

ਬਿਨੈਕਾਰ ਦੇ ਹਸਤਾਖਰ...........................

ਲੇਖਕ / ਪ੍ਰਕਾਸ਼ਕ , ਜਾਂ ਕੋਈ ਹੋਰ.......................

ਮਿਤੀ..................

ਪਤਾ ਮੋਬਾਇਲ ਨੰਬਰ ਸਮੇਤ.......................